**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ.ਏ.ਐਸ.ਪੀ.ਡੀ/ਮੀਡੀਆ/2009/52564-583
ਮਿਤੀ ਚੰਡੀਗੜ੍ਹ 14/7/09

**ਵਿਸ਼ਾ: ਸਕੂਲ ਵਿੱਚ ਅਧਿਆਪਕ-ਮਾਪਿਆਂ ਦੀ ਮੀਟਿੰਗ ਸਬੰਧੀ।**

**ਹਵਾਲਾ: ਏ.ਐਸ.ਪੀ.ਡੀ/ਮੀਡੀਆ/2008/49130-49149 ਮਿਤੀ ਚੰਡੀਗੜ੍ਹ 23.12.08ਅਤੇ ਏ.ਐਸ.ਪੀ.ਡੀ/ਮੀਡੀਆ/2008/51099 ਮਿਤੀ 31.12.09 ਏ.ਐਸ.ਪੀ.ਡੀ/ ਮੀਡੀਆ/ 2009/21711-21730 ਮਿਤੀ 08.01.09, ਏ.ਐਸ.ਪੀ.ਡੀ /ਮੀਡੀਆ /2009/25757 -25775 ਮਿਤੀ 29.01.09 ਏ.ਐਸ.ਪੀ.ਡੀ/ਮੀਡੀਆ/2009/37912-931 ਮਿਤੀ 20.4.09 ਅਤੇ ਏ.ਐਸ.ਪੀ.ਡੀ/ਮੀਡੀਆ/2009/47409-428 ਮਿਤੀ 26.6.09**

ਉਪਰੋਕਤ ਵਿਸ਼ਾ ਤਹਿਤ ਆਪ ਨੂੰ ਦੱਸਿਆ ਜਾਂਦਾ ਹੈ ਕਿ ਸਕੂਲ ਵਿੱਚ ਹਰ ਮਹੀਨੇ ਦੇ ਆਖ਼ਰੀ ਸ਼ਨੀਵਾਰ ਅਧਿਆਪਕ-ਮਾਪਿਆਂ ਦੀ ਮੀਟਿੰਗ ਹੋਣੀ ਜ਼ਰੂਰੀ ਨਿਸ਼ਚਿਤ ਕੀਤੀ ਗਈ ਹੈ। ਇਸ ਸਬੰਧੀ ਹੇਠਾਂ ਦਿੱਤੀਆਂ ਗਈਆਂ ਹਦਾਇਤਾਂ ਸਮੂਹ ਸਕੂਲ ਮੁਖੀਆਂ ਤੱਕ ਆਪ ਜੀ ਵੱਲੋਂ ਪਹੁੰਚਾ ਦਿੱਤੀਆਂ ਜਾਣੀਆਂ ਜ਼ਰੂਰੀ ਬਣਦੀਆਂ ਹਨ ਜੀ।

1.0 ਮੀਟਿੰਗ ਤੋਂ ਪਹਿਲਾਂ ਅਧਿਆਪਕ ਦੁਆਰਾ ਪਲੈਨਿੰਗ ਕੀਤੀ ਜਾਵੇ ਕਿ ਉਸ ਨੇ ਵਿਦਿਆਰਥੀਆਂ ਦੇ ਸਬੰਧ ਵਿੱਚ ਇਹਨਾਂ ਦੇ ਮਾਪਿਆਂ ਨੂੰ ਕੀ ਪੁੱਛਣਾ-ਦੱਸਣਾ ਹੈ ਇਸ ਦਾ ਖਰੜਾ ਪਹਿਲਾਂ ਹੀ ਹੀ ਤਿਆਰ ਕੀਤਾ ਹੋਣਾ ਚਾਹੀਦਾ ਹੈ।

2.0 ਬੱਚਿਆਂ ਦੀ ਪ੍ਰਗਤੀ ਦਾ ਲਿਖਤੀ ਰਿਕਾਰਡ ਅਧਿਆਪਕ ਕੋਲ ਹੋਵੇ ਅਤੇ ਮਾਪਿਆਂ ਨੂੰ ਬੱਚੇ ਦੇ ਬਾਰੇ ਵਿਸਥਾਰ ਸਹਿਤ ਦੱਸਿਆ ਜਾਵੇ।

3.0 ਮਾਪਿਆਂ ਦੀ ਗੱਲ ਨੂੰ ਪੂਰੇ ਧਿਆਨ ਨਾਲ ਸੁਣਿਆ ਜਾਵੇ। ਮਾਪਿਆਂ ਨੂੰ ਆਪਣੇ ਬੱਚਿਆਂ ਬਾਰੇ ਸਵਾਲ ਪੁੱਛਣ ਲਈ ਉਤਸ਼ਾਹਿਤ ਕੀਤਾ ਜਾਵੇ। ਘਰ ਵਿੱਚ ਬੱਚੇ ਦੇ ਰੁਟੀਨ ਦੇ ਕੰਮ, ਦਿਲਚਸਪੀ ਬਾਰੇ ਵੀ ਪਤਾ ਕੀਤਾ ਜਾਵੇ।

4.0 ਅਧਿਆਪਕ ਅਤੇ ਮਾਪਿਆਂ ਦੀ ਗੱਲਬਾਤ ਵਧੀਆ ਮਾਹੌਲ ਅਤੇ ਆਪਸੀ ਸਾਂਝ ਭਰਪੂਰ ਹੋਣੀ ਚਾਹੀਦੀ ਹੈ।

5.0 ਮੀਟਿੰਗ ਵਿੱਚ ਇਕੱਲਾ ਅਧਿਆਪਕ ਹੀ ਨਾ ਬੋਲੇ ਬਲਕਿ ਮਾਪਿਆਂ ਨੂੰ ਬੋਲਣ ਦਾ ਪੂਰਾ-ਪੂਰਾ ਮੌਕਾ ਦਿੱਤਾ ਜਾਵੇ।

6.0 ਅਧਿਆਪਕ ਮਾਪਿਆਂ ਨਾਲ ਗੱਲ ਸਾਂਝੀ ਕਰਦਿਆਂ ਤਕਨੀਕੀ ਭਾਸ਼ਾ ਦਾ ਪ੍ਰਯੋਗ ਨਾ ਕਰੇ ਬਲਕਿ ਸੌਖੀ ਅਤੇ ਸਰਲ ਭਾਸ਼ਾ ਵਿੱਚ ਮਾਪਿਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇ।

7.0 ਬੱਚੇ ਨੂੰ ਮਾਰਨ-ਕੁੱਟਣ ਲਈ ਮਾਪਿਆਂ ਨੂੰ ਉਕਸਾਇਆ ਨਾ ਜਾਵੇ ਅਤੇ ਨਾ ਹੀ ਬੱਚੇ ਨੂੰ ਮਾਪਿਆਂ ਸਾਹਮਣੇ ਜ਼ਲੀਲ ਕੀਤਾ ਜਾਵੇ।

8.0 ਬੱਚੇ ਦੀਆਂ ਜਮਾਂਦਰੂ ਅਤੇ ਦੂਰ ਨਾ ਹੋ ਸਕਣ ਵਾਲੀਆਂ ਕਮਜ਼ੋਰੀਆਂ ਨੂੰ ਮੁੱਦਾ ਨਾ ਬਣਾਇਆ ਜਾਵੇ।

9.0 ਬੱਚੇ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਦਿਆਂ ਅਧਿਆਪਕ ਗੁੱਸੇ ਜਾਂ ਜਜ਼ਬਾਤੀ ਨਾ ਹੋਵੇ।

**ਚਾਲੂ ਪੰਨਾ.02**

10.0 ਅਧਿਆਪਕ ਮਾਪਿਆਂ ਤੋਂ ਬੱਚੇ ਦੇ ਘਰ ਵਿੱਚ ਇਸ ਦੇ ਬਾਕੀ ਪਰਿਵਾਰਕ ਮੈਂਬਰਾਂ ਨਾਲ ਵਰਤਾਓ,ਪੜ੍ਹਨ ਲਿਖਣ ਦੇ ਕੰਮ ਬਾਰੇ ਜ਼ਰੂਰ ਪੁੱਛ ਕੇ ਬੱਚੇ ਦੇ ਰਿਕਾਰਡ ਵਿੱਚ ਲਿਖੇ।

11.0 ਪਰਿਵਾਰਕ ਸਮੱਸਿਆਵਾਂ, ਦੂਜੇ ਅਧਿਆਪਕਾਂ ਦੇ ਪੜ੍ਹਾਉਣ ਦੇ ਤਰੀਕੇ, ਬੱਚੇ ਦੇ ਭੈਣ-ਭਰਾਵਾਂ ਨਾਲ ਤੁਲਨਾ, ਮਾਪਿਆਂ ਨਾਲ ਝਗੜਾ ਜਾਂ ਉਹਨਾਂ ਤੇ ਦੋਸ਼ ਮੜ੍ਹਨਾ ਆਦਿ ਕੁਝ ਅਜਿਹੀਆਂ ਗੱਲਾਂ ਹਨ ਜਿਹੜੀਆਂ ਮੀਟਿੰਗ ਵਿੱਚ ਨਹੀਂ ਹੋਣੀਆਂ ਚਾਹੀਦੀਆਂ।

12.0 ਜਿਥੋਂ ਤੱਕ ਸੰਭਵ ਹੋਵੇ ਮਾਪਿਆਂ ਨੂੰ ਟੇਬਲ ’ਦੇ ਨਾਲ ਦੀ ਸੀਟ ’ਤੇ (ਨਾ ਕਿ ਸਾਹਮਣੇ) ਬਿਠਾਇਆ ਜਾਵੇ। ਇਸ ਨਾਲ ਸੁਹਿਰਦਤਾ ਦਾ ਵਾਤਾਵਰਣ ਪੈਦਾ ਹੁੰਦਾ ਹੈ।

13.0 ਬੱਚੇ ਦੀਆਂ ਖ਼ਾਸ ਰੁਚੀਆਂ ਅਤੇ ਖੂਬੀਆਂ ਬਾਰੇ ਵੀ ਮਾਪਿਆਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇ।

14.0 ਜੇਕਰ ਬੱਚਾ ਕੋਈ ਸ਼ਰਾਰਤ ਜਾਂ ਅਨੁਸ਼ਾਸ਼ਨਹੀਣਤਾ ਦਾ ਕੰਮ ਕਰਦਾ ਹੈ ਤਾਂ ਉਸ ਘਟਨਾ ਦੀ ਤਾਰੀਖ਼, ਸਮਾਂ ਆਦਿ ਨੋਟ ਕਰ ਕੇ ਰੱਖਿਆ ਜਾਵੇ ਅਤੇ ਇਸ ਨੂੰ ਮੀਟਿੰਗ ਵਿੱਚ ਜ਼ਰੂਰ ਮਾਪਿਆਂ ਨੂੰ ਦੱਸਿਆ ਜਾਵੇ।

15.0 ਮੀਟਿੰਗ ਦਾ ਸਮਾਂ ਨਿਸ਼ਚਿਤ ਕਰਨ ਲੱਗਿਆ ਮਾਪਿਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਿਆ ਜਾਵੇ। ਚੰਗਾ ਹੋਵੇ ਜੇਕਰ ਮੀਟਿੰਗ ਅੱਧੀ ਛੁੱਟੀ ਤੋਂ ਬਾਅਦ ਰੱਖੀ ਜਾਵੇ।

16.0 ਮੀਟਿੰਗ ਤੋਂ ਪਹਿਲਾ ਵਿਦਿਆਰਥੀਆਂ ਨੂੰ ਮਾਪੇ-ਅਧਿਆਪਕ ਮਿਲਣੀ ਅਤੇ ਇਸ ਦੇ ਸਮੇਂ ਬਾਰੇ ਲਾਜ਼ਮੀ ਦੱਸਿਆ ਜਾਵੇ ਤਾਂ ਜੋ ਮਾਪਿਆਂ ਨੂੰ ਇਸ ਦੀ ਅਗੇਤੀ ਸੂਚਨਾ ਮਿਲ ਜਾਵੇ।

17.0 ਸਕੂਲ ਮੁਖੀ ਹੋਈ ਮਾਪੇ-ਅਧਿਆਪਕ ਮੀਟਿੰਗ ਬਾਰੇ ਹਰ ਕਲਾਸ ਦਾ ਰਿਕਾਰਡ ਲਿਖਤੀ ਰੂਪ ’ਚ ਜ਼ਰੂਰ ਸਾਂਭ ਕੇ ਰੱਖੇ।

18.0 ਮਾਪੇ ਅਧਿਆਪਕ ਮੀਟਿੰਗ ਤੋਂ ਬਾਅਦ ਸਕੂਲ ਮੁਖੀ ਅਧਿਆਪਕਾਂ ਨਾਲ ਇਸ ਸਬੰਧੀ ਮੀਟਿੰਗ ਕਰਦਿਆਂ ਵਿਦਿਆਰਥੀਆਂ ਦੇ ਸਾਂਝੇ ਵਿੱਦਿਅਕ ਮਸਲਿਆਂ ਬਾਰੇ ਲਾਜ਼ਮੀ ਵਿਚਾਰ-ਵਟਾਂਦਰਾ ਕਰੇ ਅਤੇ ਇਹਨਾਂ ਸਬੰਧੀ ਵੱਖਰੇ ਯਤਨ ਵੀ ਜੁਟਾਏ ਜਾਣ।

19.0 ਮੀਟਿੰਗ ਸਕਾਰਾਤਮਕ ਭਾਵਨਾ ਅਤੇ ਪ੍ਰਗਤੀ ਦੀ ਉਮੀਦ ਨਾਲ ਸਮਾਪਤ ਕੀਤੀ ਜਾਵੇ।

ਉਪਰੋਕਤ ਹਦਾਇਤਾਂ ਨੂੰ ਪਾਲਣਾ ਹਿਤ ਯਕੀਨੀ ਬਣਾਇਆ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**